# ਗੁਰੂ ਨਾਨਕ - ਸਬਦ ੪੧
## ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥
## ਜਪੁ, ਗੁਰੂ ਨਾਨਕ, ਗੁਰੂ ਗ੍ਰੰਥ ਸਾਹਿਬ, ੮

ਸਲੋਕੁ ॥
ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥
ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥
ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ॥
ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥
ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥੧॥

**ਸਾਰ:** ਸ੍ਰਿਸ਼ਟੀ ਦਾ ਹਰ ਤੱਤ ਆਪਸ ਵਿੱਚ ਜੁੜਿਆ ਹੋਇਆ ਹੈ; ਇਸ ਲਈ, ਉਨ੍ਹਾਂ ਦੀ ਜੀਵਨਸ਼ੀਲਤਾ ਸਾਂਝੇਪਣ ਵਿੱਚ ਪ੍ਰਫੁੱਲਤ ਹੁੰਦੀ ਹੈ। ਵਿਕਾਸੀ ਦ੍ਰਿਸ਼ਟੀਕੋਣ ਤੋਂ, ਸੰਬੰਧ ਸਾਡੇ ਅਸਤਿਤਵ ਦੇ ਕੇਂਦਰ ਵਿੱਚ ਹਨ। ਸਾਡੀ ਹਸਤੀ ਪ੍ਰਜਨਨ ਲਈ ਦੋ ਵਿਅਕਤੀਆਂ ਦੇ ਸੰਬੰਧ ਉਪਰ ਆਧਾਰਿਤ ਹੈ, ਅਤੇ ਉਨ੍ਹਾਂ ਦੀ ਸੰਤਾਨ ਕੁਦਰਤ ਦੀਆਂ ਹੋਰ ਰਚਨਾਂਵਾਂ ਦੀ ਸਹਾਇਤਾ ਨਾਲ ਹੀ ਜੀਵਤ ਰੈਹ ਸਕਦੀ ਹੈ। ਇਹ ਆਪਸੀ ਜੁੜਾਵ ਹਰ ਤੱਤ ਦੇ ਸਤਿਕਾਰ ਅਤੇ ਜ਼ਿੰਮੇਵਾਰੀ ਦੀ ਮੰਗ ਕਰਦਾ ਹੈ, ਨਾ ਸਿਰਫ ਇੱਕ ਨੈਤਿਕ ਫਰਜ਼ ਦੇ ਤੌਰ ਤੇ, ਪਰ ਜਿਸ ਸੰਸਾਰ ਵਿੱਚ ਅਸੀਂ ਰਹਿੰਦੇ ਹਾਂ ਉਸ ਨੂੰ ਕਾਇਮ ਰੱਖਣ ਦੇ ਲਈ ਵੀ। ਇਸ ਸ਼ਬਦ ਵਿੱਚ ਉਦਾਹਰਣ ਦੇ ਤੌਰ ਤੇ, ਹਵਾ, ਜੋ ਸਾਡੀ ਸਰੀਰਕ ਹੋਂਦ ਲਈ ਮਹੱਤਵਪੂਰਨ ਹੈ, ਉਸ ਨੂੰ ਗੁਰੂ ਦੇ ਨਾਲ ਬਰਾਬਰੀ ਦਿੱਤੀ ਗਈ ਹੈ ਜੋ ਸਾਡੀ ਆਤਮਿਕ ਹੋਂਦ ਲਈ ਮਹੱਤਵਪੂਰਨ ਹੈ। ਪਾਣੀ, ਜੋ ਜੀਵਨ ਦਾ ਪਾਲਕ ਹੈ, ਦੀ ਤੁਲਨਾ ਪਿਤਾ ਨਾਲ ਕੀਤੀ ਗਈ ਹੈ ਜੋ ਪ੍ਰਦਾਤਾ ਹੈ। ਇਸੇ ਤਰ੍ਹਾਂ, ਜਿਵੇਂ ਧਰਤੀ ਪੋਸ਼ਣ ਕਰਦੀ ਹੈ, ਇਸ ਦੀ ਤੁਲਨਾ ਮਾਂ ਦੇ ਗਰਭ ਨਾਲ ਕੀਤੀ ਗਈ ਹੈ ਜੋ ਪਾਲਨਾ ਕਰਦੀ ਹੈ।

ਸਲੋਕੁ ॥
ਸਲੋਕੁ ॥

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥

ਹਵਾ ਨੂੰ ਗੁਰੂ ਵਜੋਂ ਸਤਿਕਾਰ ਦਿਓ ਜੋ ਰੂਹਾਨੀ ਜੀਵਨ ਮੁਹਈਆ ਕਰਦੀ ਹੈ, ਪਾਣੀ ਨੂੰ ਜੀਵਨ ਦੇ ਪ੍ਰਦਾਤਾ ਪਿਤਾ ਵਜੋਂ ਸਤਿਕਾਰੋ, ਅਤੇ ਧਰਤੀ ਨੂੰ ਜੀਵਨ ਦੀ ਪੋਸ਼ਕ ਮਾਂ ਵਜੋਂ ਪਿਆਰ ਕਰੋ।

ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥
ਮਰਦਾਨਾ ਅਤੇ ਜਨਾਨਾ ਗੁਣਾਂ ਦੇ ਆਪਸੀ ਬਦਲਾਵ ਨੂੰ ਸਤਿਕਾਰ ਦਿਓ, ਇਹ ਦੋਵੇਂ ਪਾਲਨ ਵਾਲੀਆਂ ਸ਼ਕਤੀਆਂ ਹਨ ਜਿਹੜੀਆਂ ਸਮੂਹਿਕ ਤੌਰ ਤੇ ਸੰਸਾਰ ਦੀ ਕਾਰ ਨੂੰ ਸੰਚਾਲਿਤ ਕਰਦੀਆਂ ਹਨ ਜਿਵੇਂ ਸਮੇਂ ਦਾ ਦਿਨ ਤੋਂ ਰਾਤ ਵਿੱਚ ਪਰਿਵਰਤਨ ਹੋਣਾ।

ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ॥
ਇੱਕ ਨੈਤਿਕ ਫਰਜ਼ ਵਜੋਂ ਕਿਸੇ ਦੀ ਚੇਤਨਾ ਵਿੱਚ ਉਸਾਰੂ ਕਿਰਿਆਵਾਂ ਅਤੇ ਢਾਹੂ ਅਮਲਾਂ ਦਾ ਮੁਲਾਂਕਣ ਕੀਤਾ ਜਾਂਦਾ ਹੈ।

ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥
ਕਈ ਆਪਣੇ ਕਰਮਾਂ ਕਾਰਨ, ਨੇੜੇ ਹੋ ਜਾਂਦੇ ਹਨ ਅਤੇ ਕਈ ਰੂਹਾਨੀਅਤ ਤੋਂ ਦੂਰ ਹੋ ਜਾਂਦੇ ਹਨ।

ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥
ਜਿਨ੍ਹਾਂ ਨੇ ਬਿਬੇਕ ਦੇ ਸਬਦਾਂ ਦਾ ਚਿੰਤਨ ਕੀਤਾ ਹੈ, ਉਨ੍ਹਾਂ ਦੀ ਦ੍ਰਿੜਤਾ ਨੂੰ ਆਤਮਕ ਉੱਨਤੀ ਦੀ ਖੁਸ਼ਾਮਦ ਪ੍ਰਾਪਤ ਹੋਈ ਹੈ।

ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥੧॥
ਨਾਨਕ ਕਹਿੰਦੇ ਹਨ ਕਿ ਅਜਿਹੀਆਂ ਸਖ਼ਸ਼ੀਅਤਾਂ ਜਾਗ੍ਰਿਤ ਹਨ ਅਤੇ ਉਨ੍ਹਾਂ ਦੀ ਸੰਗਤ ਵਿੱਚ ਕਈ ਹੋਰ ਮੁਕਤ ਹੋ ਜਾਂਦੇ ਹਨ। (੧)

**ਤੱਤ:** ਗੁਰੂ ਨਾਨਕ ਦੇ ਗਿਆਨਮਈ ਸ਼ਬਦ ਸਾਡੇ ਰੂਹਾਨੀ ਸਫ਼ਰ ਲਈ ਸਾਡੀਆਂ ਚੋਣਾਂ ਅਤੇ ਕਰਮਾਂ ਉਪਰ ਡੂੰਘੇ ਪ੍ਰਭਾਵ ਨੂੰ ਪ੍ਰਕਾਸ਼ਿਤ ਕਰਦੇ ਹਨ। ਸ੍ਰਿਸ਼ਟੀ ਦੇ ਨਾਲ ਸਾਡਾ ਆਪਸੀ ਮੇਲ ਸਾਡੇ ਵਾਤਾਵਰਣ ਨੂੰ ਤਰੱਕੀ ਜਾਂ ਪਿਛਾੜ ਵੱਲ ਲੈਜਾਣ ਲਈ ਸਾਡੀਆਂ ਕਾਰਵਾਈਆਂ ਦੀ ਪ੍ਰਭਾਵਸ਼ਾਲੀ ਸ਼ਕਤੀ ਉਪਰ ਜ਼ੋਰ ਦਿੰਦਾ ਹੈ। ਸਾਡੇ ਕੰਮਾਂ ਵਿੱਚ ਸਾਨੂੰ ਰੂਹਾਨੀਅਤ ਦੇ ਨੇੜੇ ਜਾਂ ਹੋਰ ਦੂਰ ਲਿਆਉਣ ਦੀ ਸਮਰੱਥਾ

ਹੈ। ਆਤਮ-ਚਿੰਤਨ ਅਤੇ ਜਾਗ੍ਰਿਤ ਰੂਹਾਂ ਕੋਲੋਂ ਸੇਧ ਲੈ, ਅਸੀਂ ਸਰਬਤ ਦੇ ਭਲੇ ਲਈ ਰੂਹਾਨੀ ਵਿਕਾਸ ਦੇ ਮਾਰਗ ਤੇ ਚੱਲ ਸਕਦੇ ਹਾਂ।

---

ਪਹਿਲਕਦਮੀ

**Oneness In Diversity Research Foundation**
**ਵੈੱਬਸਾਈਟ: OnenessInDiversity.com**

**ਈਮੇਲ: onenessindiversityfoundation@gmail.com**